**ਵਾਕਵੇਅ, ਪੈਟਿਓ ਅਤੇ ਡ੍ਰਾਇਵ ਵੇਅ ਲਈ, ਅਜਿਹੀਆਂ ਸਤਹਾਂ ਦੀ ਵਰਤੋਂ ਕਰੋ ਜੋ ਪਾਣੀ ਨੂੰ ਸੋਖਣ ਦਿੰਦੀਆਂ ਹਨ। ਛਿੱਦੇ ਹੋਏ ਪੇਵਰਾਂ, ਫਲੈਗਸਟੋਨ ਅਤੇ ਗਰੈਵਲ ਵਰਗੀ ਸਮੱਗਰੀਆਂ ਮੀਂਹ ਨੂੰ ਮਿੱਟੀ ਵਿੱਚ ਸੋਖਣ ਵਿੱਚ ਮਦਦ ਕਰਦੀਆਂ ਹਨ ਅਤੇ ਸਟੌਰਮ ਨਾਲੀਆਂ ਦੁਆਰਾ ਸਾਡੇ ਦਰਿਆਵਾਂ ਵਿੱਚ ਜਾਣ ਵਾਲ਼ੇ ਵਗਦੇ ਬਰਸਾਤੀ ਪਾਣੀ ਦੀ ਮਾਤਰਾ ਨੂੰ ਘੱਟਾਉਂਦੀ ਹੈ।**

## 6 ਸਮਝਦਾਰੀ ਨਾਲ ਪਾਣੀ ਦੇਣਾ

- ਦਿਨ ਦੀ ਗਰਮੀ ਵਿਚ ਪਾਣੀ ਦੇਣ ਤੋਂ ਪਰਹੇਜ਼ ਕਰੋ। ਸਵੇਰੇ ਜਲਦੀ ਪਾਣੀ ਛਿੜਕਣ ਲਈ ਆਪਣੇ ਸਪ੍ਰਿੰਕਲਰ ਨੂੰ ਸੈਟ ਕਰਨ ਲਈ ਇੱਕ ਟਾਈਮਰ ਦੀ ਵਰਤੋਂ ਕਰੋ।
- ਜਦੋਂ ਮੀਂਹ ਪਿਆ ਹੋਵੇ ਜਾਂ ਮੀਂਹ ਪੈਣ ਦਾ ਅਨੁਮਾਨ ਹੋਵੇ, ਜਾਂ ਜਦੋਂ ਹਵਾ ਚਲ ਰਹੀ ਹੋਵੇ ਤਾਂ ਪਾਣੀ ਦੇਣ ਤੋਂ ਪਰਹੇਜ਼ ਕਰੋ।
- ਮੀਂਹ ਦੇ ਸੈਂਸਰਾਂ ਦੇ ਨਾਲ ਭੂਮੀਗਤ ਸਪ੍ਰਿੰਕਲਰਾਂ ਦੀ ਵਰਤੋਂ ਕਰਨ ਬਾਰੇ ਵਿਚਾਰ ਕਰੋ। ਉਨ੍ਹਾਂ ਲਈ ਪਹਿਲਾਂ ਨਿਵੇਸ਼ ਦੀ ਲੋੜ ਹੁੰਦੀ ਹੈ, ਪਰ ਲੰਬੇ ਸਮੇਂ ਵਿਚ ਪਾਣੀ ਦੀ ਘੱਟ ਵਰਤੋਂ ਦੇ ਕਾਰਨ ਲਾਗਤ ਨੂੰ ਪੂਰਾ ਕਰ ਸਕਦਾ ਹੈ।
- ਫੁੱਲਾਂ ਦੀਆਂ ਕਿਆਰੀਆਂ ਅਤੇ ਦਰੱਖਤਾਂ ਨੂੰ ਬਰਸਾਤੀ ਬੈਰਲ ਨਾਲ ਜੁੜੇ ਡਾਊਨਸਪਾਊਟ ਐਕਸਟੈਂਡਰਾਂ ਜਾਂ ਸੋਕਰ ਹੋਜ਼ਾਂ ਦੇ ਨਾਲ ਸਿੱਧਾ ਪਾਣੀ ਦਿਓ।
- ਮਲਚ ਵਿੱਚ ਛੁਪੇ ਡਰਿੱਪ ਹੋਜ਼ਾਂ ਜਾਂ ਸੋਕਰ ਹੋਜ਼ਾਂ ਦੇ ਨਾਲ ਸਿੱਧੇ ਪੌਦਿਆਂ ਦੀਆਂ ਜੜ੍ਹਾਂ ਨੂੰ ਸਿੰਜੋ। ਪਾਣੀ ਦੀ ਵਰਤੋਂ ਦੀ ਨਿਗਰਾਨੀ ਕਰਨ ਲਈ ਮੀਂਹ ਗੇਜ ਅਤੇ ਮਿੱਟੀ ਦੀ ਨਮੀ ਦੇ ਸੈਂਸਰ ਦੀ ਵਰਤੋਂ ਕਰੋ।
- ਸਪ੍ਰਿੰਕਲਰਾਂ ਨੂੰ ਮਿਸਟ ਨਾ ਕਰਨ ਦਿਓ। ਪਾਣੀ ਦੇ ਵੱਡੇ ਤੁਪਕਿਆਂ ਨੂੰ ਵਾਸ਼ਪੀਕ੍ਰਿਤ ਹੋਣ ਅਤੇ ਉੱਡਣ ਦੀ ਸੰਭਾਵਨਾ ਘੱਟ ਹੁੰਦੀ ਹੈ, ਇਹ ਸੁਨਿਸ਼ਚਿਤ ਕਰਦੇ ਹੋਏ ਕਿ ਉਹ ਆਪਣੀ ਮੰਜ਼ਿਲ ਤੇ ਪਹੁੰਚ ਜਾਣ।
- ਆਪਣੇ ਪੌਦਿਆਂ ਨੂੰ ਸਿਰਫ ਉਨਾਂ ਹੀ ਪਾਣੀ ਦਿਓ ਜਿਨਾਂ ਉਨ੍ਹਾਂ ਨੂੰ ਚਾਹੀਦਾ ਹੈ।

## 7 ਮੀਂਹ ਦਾ ਪਾਣੀ ਇਕੱਠਾ ਕਰੋ

- ਮੀਂਹ ਦੇ ਪਾਣੀ ਨੂੰ ਇਕੱਠਾ ਕਰਨ ਲਈ ਇੱਕ ਜਾਂ ਦੋ ਬਰਸਾਤੀ ਬੈਰਲਾਂ ਦੀ ਵਰਤੋਂ ਕਰਕੇ ਪੈਸੇ ਦੀ ਬਚਤ ਕਰੋ। ਤੁਹਾਡੇ ਪੌਦੇ ਨਰਮ, ਨਾਨ-ਕਲੋਰੀਨਿਤ ਪਾਣੀ ਨੂੰ ਪਸੰਦ ਕਰਨਗੇ।
- ਆਪਣੇ ਡਾਊਨਸਪਾਊਟਾਂ ਨੂੰ ਲੌਨ ਜਾਂ ਪੀ ਗਰੈਵਲ ਵਰਗੀਆਂ ਸੋਖਣ ਵਾਲੀਆਂ ਸਤਹਾਂ ਵੱਲ ਨਿਰਦੇਸ਼ਿਤ ਕਰੋ ਤਾਕਿ ਆਖਰਕਾਰ ਨੇੜਲੇ ਪੌਦਿਆਂ, ਝਾੜੀਆਂ ਅਤੇ ਦਰੱਖਤਾਂ ਦੁਆਰਾ ਜਜ਼ਬ ਹੋ ਸਕੇ।
- ਡਾਊਨਸਪਾਊਟਾਂ ਤੋਂ ਮੀਂਹ ਦੇ ਪਾਣੀ ਨੂੰ ਪੌਦਿਆਂ ਵੱਲ ਸਿੱਧੇ ਭੇਜਣ ਲਈ ਪੱਥਰਾਂ ਨਾਲ ਭਰੇ ਟੋਇਆਂ ਜਾਂ ਨਕਲੀ ਨਦੀਆਂ ਦੀ ਵਰਤੋਂ ਕਰੋ।
- ਰੇਨ ਗਾਰਡਨਾਂ ਦਾ ਨਿਰਮਾਣ ਕਰੋ, ਜੋ ਡੂੰਘੀ ਸੋਧੀ ਹੋਈ ਮਿੱਟੀ ਦੇ ਨਾਲ ਘੱਟ ਡੂੰਘੇ ਟੋਏ ਹੁੰਦੇ ਹਨ, ਤੁਹਾਡੀਆਂ ਛੱਤਾਂ ਅਤੇ ਡ੍ਰਾਇਵ ਵੇਅ ਤੋਂ ਪਾਣੀ ਨੂੰ ਰੋਕਣ ਅਤੇ ਸੋਖਣ ਲਈ ਤਿਆਰ ਕੀਤੇ ਜਾਂਦੇ ਹਨ। **calgary.ca/yardsmart** 'ਤੇ ਹੋਰ ਜਾਣੋ।

ਮਿੱਟੀ, ਮਲਚ, ਪੌਦਿਆਂ, ਲੌਨ ਦੀ ਦੇਖਭਾਲ, ਰੇਨ ਗਾਰਡਨਾਂ ਅਤੇ ਹੋਰ ਬਹੁਤ ਕੁਝ ਬਾਰੇ ਜਾਣਕਾਰੀ ਅਤੇ ਵਧੇਰੇ ਸੁਝਾਵਾਂ ਲਈ **calgary.ca/yardsmart** 'ਤੇ ਜਾਓ। ਯਾਰਡ ਨੂੰ ਡਿਜ਼ਾਈਨ ਕਰਨ ਲਈ ਕੁਝ ਉਪਕਰਣ ਅਤੇ ਸੁਝਾਅ ਚਾਹੁੰਦੇ ਹੋ? ਸਾਡਾ **ਯਾਰਡਸਮਾਰਟ ਪਲੈਨਿੰਗ ਅਤੇ ਡਿਜ਼ਾਈਨ** (YardSmart Planning and Design) ਬਰੋਸ਼ਰ ਵੇਖੋ।

**ਕੈਲਗਰੀ ਹੋਰਟੀਕਲਚਰਲ ਸੋਸਾਇਟੀ (Calgary Horticultural Society), (calhort.org)** ਕੈਲਗਰੀ ਵਿਚ ਬਾਗਬਾਨੀ ਦੀ ਸਫਲਤਾ ਲਈ ਜਾਣਕਾਰੀ ਦਾ ਇੱਕ ਹੋਰ ਬਿਹਤਰੀਨ ਔਨਲਾਈਨ ਸਰੋਤ ਹੈ।








ਖੱਬੇ ਤੋਂ ਸੱਜੇ: ਇਕ ਛਿੱਦੇ ਹੋਏ ਰਸਤੇ ਦੀ ਸਤਹ ਨੂੰ ਚੁਣਨਾ ਤੁਹਾਡੇ ਯਾਰਡ ਵਿਚ ਬਰਸਾਤੀ ਪਾਣੀ ਨੂੰ ਰੱਖਣ ਵਿਚ ਸਹਾਇਤਾ ਕਰਦਾ ਹੈ ਤਾਂ ਜੋ ਪੌਦੇ ਇਸ ਨੂੰ ਜਜ਼ਬ ਕਰ ਸਕਣ। ਬਰਸਾਤੀ ਬੈਰਲ ਵਾਤਾਵਰਣ ਲਈ ਵਧੀਆ ਹਨ ਅਤੇ ਤੁਹਾਡੇ ਬਟੂਏ ਤੇ ਸਹਿਜ ਹਨ। ਡਾਊਨਸਪਾਊਟਾਂ ਨੂੰ ਆਪਣੇ ਲੌਨ ਜਾਂ ਸੋਖੰ ਵਾਲੀ ਲੈਂਡਸਕੇਪਿੰਗ ਵੱਲ ਨਿਰਦੇਸ਼ਿਤ ਕਰੋ, ਤਾਂ ਜੋ ਉਹ ਡ੍ਰਾਇਵ ਵੇਅ, ਸੜਕਾਂ, ਜਾਂ ਗਲੀਆਂ 'ਤੇ ਵਹਾਉ ਨੂੰ ਪ੍ਰਵਾਹਿਤ ਨਾ ਕਰ ਸਕਣ।

Calgary

## ਯਾਰਡਸਮਾਰਟ

# ਬੁਨਿਆਦੀ ਗੱਲਾਂ

ਯਾਰਡਸਮਾਰਟ ਹੋਣਾ ਇਕ ਸੱਦਾ ਦੇਣ ਵਾਲੇ, ਸੁੰਦਰ ਯਾਰਡ ਦਾ ਅਨੰਦ ਲੈਣਾ ਹੈ ਜਿਸ ਨੂੰ ਘੱਟ ਰੱਖ-ਰਖਾਅ ਦੀ ਲੋੜ ਹੈ, ਘੱਟ ਲਾਗਤ ਵਾਲਾ ਅਤੇ ਵਾਤਾਵਰਣ 'ਤੇ ਸੁਖਾਲਾ ਹੈ।



ਇਹਨਾਂ ਨਾਲ ਸਾਝੇਦਾਰੀ ਵਿੱਚ

CALGARY HORTICULTURAL SOCIETY

# ਸਫਲਤਾ ਲਈ ਕਦਮ

ਯਾਰਡਮਾਰਟ ਦੇ ਸੱਤ ਬੁਨਿਆਦੀ ਸਿਧਾਂਤਾਂ ਦੀ ਪਾਲਣਾ ਤੁਹਾਨੂੰ ਕੈਲਗਰੀ ਵਿਚ ਬਾਗਬਾਨੀ ਦੀ ਸਫਲਤਾ ਲਈ ਸਥਾਪਤ ਕਰੇਗੀ।

## 1 ਚੰਗੀ ਮਿੱਟੀ, ਅਤੇ ਇਸ ਦੀ ਬਹੁਤਾਤ, ਪੌਦਿਆਂ ਨੂੰ ਖੁਸ਼ ਰੱਖਦੀ ਹੈ

ਮਿੱਟੀ, ਜੋ ਪੌਸ਼ਟਿਕ, ਪਾਣੀ-ਧਾਰਣ ਵਾਲੀ ਅਤੇ ਚੰਗੀ ਤਰ੍ਹਾਂ ਸੁੱਕੀ ਹੁੰਦੀ ਹੈ, ਇੱਕ ਸਿਹਤਮੰਦ, ਸੁੰਦਰ ਬਾਗ਼ ਦੀ ਕੁੰਜੀ ਹੈ।

ਕੈਲਗਰੀ ਵਿਚ, ਮੂਲ ਮਿੱਟੀ (original soil), ਚੀਕਣੀ ਮਿੱਟੀ (clay) ਜਾਂ ਰੇਤ (sand) ਦੋਵਾਂ ਵਿਚ ਭਾਰੀ ਹੁੰਦੀ ਹੈ। ਚੀਕਣੀ ਮਿੱਟੀ ਪੌਸ਼ਟਿਕ ਤੱਤਾਂ ਵਿੱਚ ਭਰਪੂਰ ਹੁੰਦੀ ਹੈ, ਪਰ ਪਾਣੀ ਦੀ ਨਿਕਾਸੀ ਹੌਲੀ ਹੌਲੀ ਕਰਦੀ ਹੈ, ਜਦੋਂ ਕਿ ਰੇਤ ਤੇਜ਼ੀ ਨਾਲ ਪਾਣੀ ਦੀ ਨਿਕਾਸੀ ਕਰਨ ਵਾਲੀ ਹੈ, ਪਰ ਇਸ ਨੂੰ ਪੌਸ਼ਟਿਕ ਤੱਤਾਂ ਅਤੇ ਨਮੀ ਨੂੰ ਬਰਕਰਾਰ ਰੱਖਣ ਵਿਚ ਮੁਸ਼ਕਲ ਹੁੰਦੀ ਹੈ।

ਪੌਦਿਆਂ ਲਈ ਚੰਗੀ ਮਿੱਟੀ ਵਿੱਚ ਰੇਤ, ਗਾਰ ਅਤੇ ਚੀਕਣੀ ਮਿੱਟੀ ਦੇ ਬਰਾਬਰ ਹਿੱਸੇ ਹੁੰਦੇ ਹਨ; ਇਹ ਪਾਣੀ ਨੂੰ ਬਰਕਰਾਰ ਰੱਖਦੀ ਹੈ ਪਰ ਤਰ-ਬਤਰ ਨਹੀਂ ਕਰਦੀ।

ਆਪਣੀ ਮਿੱਟੀ ਦੀ ਕਿਸਮ ਨੂੰ ਨਿਰਧਾਰਤ ਕਰਨ ਦਾ ਇਹ ਇੱਕ ਸਧਾਰਣ ਤਰੀਕਾ ਹੈ:

ਆਪਣੇ ਬਾਗ ਵਿਚੋਂ ਮੁੱਠੀ ਭਰ ਨਮ (ਪਰ ਗਿੱਲੀ ਨਹੀਂ) ਮਿੱਟੀ ਲਓ ਅਤੇ ਇਸ ਨੂੰ ਇੱਕ ਵਾਰ ਨਿਚੋੜੋ। ਆਪਣਾ ਹੱਥ ਖੋਲ੍ਹੋ ਅਤੇ ਵੇਖੋ।

- ਜੇ ਇਹ ਆਕਾਰ ਬਣਾਏ ਰੱਖਦੀ ਹੈ ਅਤੇ, ਹਲਕੀ ਜਿਹੀ ਹੁੱਝ ਤੇ ਟੁੱਟ ਜਾਂਦੀ ਹੈ, ਤਾਂ ਤੁਹਾਡੇ ਕੋਲ ਆਲੀਸ਼ਾਨ ਲੋਮ (loam) ਹੈ।
- ਜੇ ਇਹ ਆਕਾਰ ਬਣਾਏ ਰੱਖਦੀ ਹੈ ਅਤੇ ਹਲਕੀ ਜਿਹੀ ਹੁੱਝ ਤੇ ਤੁਹਾਡੇ ਹੱਥ ਵਿਚ ਸਖਤੀ ਨਾਲ ਬੈਠੀ ਰਹਿੰਦੀ ਹੈ ਤਾਂ ਤੁਹਾਡੇ ਕੋਲ ਚੀਕਣੀ ਮਿੱਟੀ (clay) ਹੈ।
- ਜੇ ਤੁਹਾਡੇ ਦੁਆਰਾ ਹੱਥ ਖੋਲ੍ਹਣ ਤੇ ਇਹ ਟੁੱਟ ਜਾਂਦੀ ਹੈ, ਤਾਂ ਤੁਹਾਡੇ ਕੋਲ ਰੇਤਲੀ ਮਿੱਟੀ ਹੈ।

## 2 ਕੰਮ ਦੇ ਸਮੇਂ, ਖਰਚਿਆਂ ਅਤੇ ਪਾਣੀ ਦੀ ਵਰਤੋਂ ਨੂੰ ਘਟਾਉਣ ਲਈ ਆਪਣੇ ਲੌਨ ਨੂੰ ਸੁੰਗੇੜੋ

ਜਿੱਥੇ ਠੀਕ ਲਗਦਾ ਹੈ, ਆਪਣੇ ਲੌਨ ਨੂੰ ਘੱਟ ਦੇਖਭਾਲ ਵਾਲੀਆਂ ਝਾੜੀਆਂ, ਫੁੱਲਾਂ ਅਤੇ ਜ਼ਮੀਨ ਨੂੰ ਢਕਣ ਵਾਲੇ ਪੌਦਿਆਂ (groundcovers) ਨਾਲ ਬਦਲੋ। ਉਨ੍ਹਾਂ ਥਾਵਾਂ ਲਈ ਜਿੱਥੇ ਤੁਹਾਨੂੰ ਲੌਨ ਦੀ ਜ਼ਰੂਰਤ ਹੈ, ਆਪਣੇ ਸਥਾਨਕ ਬਾਗ਼ ਕੇਂਦਰ ਵਿੱਚ ਉਪਲਬਧ ਸੋਕੇ ਪ੍ਰਤੀ ਸਹਿਣਸ਼ੀਲ ਘਾਹ ਦੇ ਬੀਜ ਜਾਂ ਸੌਡ ਦੀ ਵਰਤੋਂ ਕਰੋ।

## 3 ਆਪਣੇ ਬਗੀਚੇ ਨੂੰ ਪਾਣੀ ਦੀ ਬਚਤ ਕਰਨ ਲਈ ਡਿਜ਼ਾਈਨ ਕਰੋ

- ਸਮਾਨ ਪਾਣੀ ਦੀਆਂ ਜਰੂਰਤਾਂ ਵਾਲੇ ਪੌਦੇ ਇੱਕਠੇ ਸਮੂਹ ਕਰੋ। ਤੁਸੀਂ ਸਿਰਫ ਉਨ੍ਹਾਂ ਪੌਦਿਆਂ ਨੂੰ ਪਾਣੀ ਦੇ ਕੇ ਸਮਾਂ ਬਚਾਓਗੇ ਜਿਨ੍ਹਾਂ ਨੂੰ ਇਸਦੀ ਜ਼ਰੂਰਤ ਹੈ ਅਤੇ ਜਿਨ੍ਹਾਂ ਨੂੰ ਇਸਦੀ ਲੋੜ ਨਹੀਂ ਹੈ ਉਹਨਾਂ ਨੂੰ ਡੁੱਬਣ ਤੋਂ ਬਚਾਓ।
- ਢਲਾਨ ਵਾਲੀਆਂ ਫੁੱਲਾਂ ਦੀਆਂ ਕਿਆਰੀਆਂ। ਸਭ ਤੋਂ ਜ਼ਿਆਦਾ ਪਾਣੀ ਦੀ ਜ਼ਰੂਰਤ ਵਾਲੇ ਪੌਦਿਆਂ ਨੂੰ ਢਲਾਨ ਦੇ ਸਭ ਤੋਂ ਹੇਠਲੇ ਹਿੱਸੇ 'ਤੇ ਲਗਾਓ।
- ਕਿਆਰੀਆਂ ਨੂੰ ਅਜਿਹੀ ਥਾਂ ਤੇ ਰੱਖੋ ਜਾਂ ਆਕਾਰ ਦਿਓ ਤਾਂ ਕਿ ਸਪ੍ਰਿੰਕਲਰ ਸਿਸਟਮ ਅਤੇ ਸੋਕਰ ਹੋਜ਼ ਉਨ੍ਹਾਂ ਤੱਕ ਆਸਾਨੀ ਨਾਲ ਪਹੁੰਚ ਸਕਣ।

ਤੁਸੀਂ ਯਾਰਡਮਾਰਟ ਪਲੈਨਿੰਗ ਅਤੇ ਡਿਜ਼ਾਈਨ (YardSmart Planning and Design) ਬਰੋਸ਼ਰ ਵਿੱਚ ਆਪਣੇ ਯਾਰਡ ਦੀ ਯੋਜਨਾ ਲਈ ਵਧੇਰੇ ਸੁਝਾਅ ਅਤੇ ਸੰਦ ਪ੍ਰਾਪਤ ਕਰ ਸਕਦੇ ਹੋ।

## 4 ਸਹੀ ਪੌਦੇ ਨੂੰ ਸਹੀ ਜਗ੍ਹਾ ਤੇ ਲਗਾਓ

ਪੌਦੇ ਦੀਆਂ ਵਧਣ ਦੀਆਂ ਜ਼ਰੂਰਤਾਂ ਦੇ ਅਨੁਕੂਲ ਇੱਕ ਸਥਾਨ ਚੁਣਨ ਦਾ ਅਰਥ ਕਿ ਇਹ ਬਿਹਤਰ ਹੋਵੇਗਾ ਅਤੇ ਬਿਮਾਰੀ ਅਤੇ ਕੀੜਿਆਂ ਨਾਲ ਲੜਨ ਦੇ ਲਈ ਤੰਦਰੁਸਤ ਅਤੇ ਬਿਹਤਰ ਹੋਵੇਗਾ।

ਆਪਣੇ ਯਾਰਡ ਵਿਚ ਉਹ ਖੇਤਰ ਲੱਭੋ ਜਿਥੇ ਪਾਣੀ ਕੁਦਰਤੀ ਤੌਰ ਤੇ ਵਗਦਾ ਹੈ ਅਤੇ ਉਥੇ ਸਭ ਤੋਂ ਪਿਆਸੇ ਪੌਦੇ ਲਗਾਓ। ਦੇਸੀ ਅਤੇ ਚੰਗੀ ਤਰ੍ਹਾਂ ਅਨੁਕੂਲ ਪ੍ਰਜਾਤੀਆਂ ਦੋਵਾਂ ਲਈ ਸੋਕੇ ਪ੍ਰਤੀ ਪ੍ਰਤੀਰੋਧਕ, ਨਾ ਫੈਲਣ ਵਾਲੇ ਪੌਦਿਆਂ ਲਈ ਸੁੱਕੇ ਸਥਾਨਾਂ ਦੀ ਵਰਤੋਂ ਕਰੋ। ਨਿਰਧਾਰਤ ਸਹਿਣਸ਼ੀਲ ਖੇਤਰ ਤੁਹਾਨੂੰ ਅਜਿਹੇ ਪੌਦੇ ਚੁਣਨ ਵਿਚ ਸਹਾਇਤਾ ਕਰਦੇ ਹਨ ਜਿਨਾਂ ਦੀ ਤੁਹਾਡੇ ਖੇਤਰ ਵਿਚ ਵਧਣ ਫੁੱਲਣ ਦੀ ਸਭ ਤੋਂ ਵੱਧ ਸੰਭਾਵਨਾ ਹੈ। ਕੈਲਗਰੀ ਲਈ, ਹਾਰਡੀਨੈਸ ਜ਼ੋਨ 2 ਜਾਂ 3 ਦੇ ਲੇਬਲ ਵਾਲੇ ਪੌਦੇ ਚੁਣੋ।

ਜਦੋਂ ਸੋਕੇ ਪ੍ਰਤੀ ਸਹਿਣਸ਼ੀਲ ਪੌਦੇ ਸਹੀ ਥਾਂ 'ਤੇ ਲਗਾਏ ਜਾਂਦੇ ਹਨ, ਤਾਂ ਇਕ ਵਾਰ ਸਥਾਪਿਤ ਹੋਣ ਤੇ ਉਹ ਘੱਟ ਪਾਣੀ ਨਾਲ ਜੀਵਤ ਰਹਿ ਸਕਦੇ ਹਨ, ਆਮ ਤੌਰ' ਤੇ ਪਹਿਲੇ ਦੋ ਸਾਲਾਂ ਬਾਅਦ।



ਯਾਰਡਮਾਰਟ ਮੂਲ ਗੱਲਾਂ ਤੁਹਾਨੂੰ ਇੱਕ ਸਿਹਤਮੰਦ, ਸੁੰਦਰ ਯਾਰਡ ਦਾ ਅਨੰਦ ਲੈਣ ਵਿੱਚ ਸਹਾਇਤਾ ਕਰਨਗੀਆਂ।



ਹਰੇ-ਭਰੇ ਪੌਦਿਆਂ ਨੂੰ ਚੰਗੀ ਮਿੱਟੀ ਦੀ ਲੋੜ ਹੁੰਦੀ ਹੈ।



(Echinacea)

ਬਹੁਤ ਜ਼ਿਆਦਾ ਫੈਲਣ ਵਾਲੇ ਪੌਦੇ ਨਾ ਲਗਾਓ ਜਾਂ ਉਹਨਾਂ ਦਾ ਪੋਸ਼ਣ ਨਾ ਕਰੋ। ਇਹ ਸਾਡੇ ਪਾਰਕਾਂ, ਵੈਟਲੈਂਡਜ਼ ਅਤੇ ਜਲ ਮਾਰਗਾਂ ਦੀ ਰੱਖਿਆ ਕਰਦਿਆਂ ਤੁਹਾਨੂੰ ਭਾਰੀ ਵੀਡਿੰਗ (weeding) ਤੋਂ ਬਚਾਏਗਾ। anpc.ab.ca 'ਤੇ ਅਲਬਰਟਾ ਨੇਟਿਵ ਪਲਾਂਟ ਕਾਉਂਸਲ (Alberta Native Plant Council) ਦੀ ਇਨਵੇਸਿਵ ਪੌਦੇ ਦੀ ਜਾਣਕਾਰੀ ਨੂੰ ਦੇਖੋ।

## 5 ਮਲਚ ਸੁੰਦਰਤਾ ਦਿੰਦੀ ਹੈ ਜੋ ਸਤਹ ਦੇ ਉੱਪਰ ਅਤੇ ਹੇਠਾਂ ਹੁੰਦੀ ਹੈ

ਮਲਚ ਜੈਵਿਕ ਪਦਾਰਥਾਂ (ਜਿਵੇਂ ਕੰਪੋਸਟ, ਕੁਤਰੀ ਹੋਈ ਲੱਕੜ, ਜਾਂ ਛਿੱਲ) ਜਾਂ ਅਜੀਵ ਸਮੱਗਰੀ (ਜਿਵੇਂ ਪੀ ਗਰੈਵਲ) ਦੀ ਇੱਕ ਪਰਤ ਹੈ ਜੋ ਮਿੱਟੀ ਦੇ ਉੱਪਰ ਫੈਲਾਈ ਜਾਂਦੀ ਹੈ। ਇਹ ਇੱਕ ਸਿਹਤਮੰਦ, ਆਕਰਸ਼ਕ ਯਾਰਡ ਬਣਾਉਂਦਾ ਹੈ ਜਿਸ ਲਈ ਇਸ ਦੁਆਰਾ ਘੱਟ ਪਾਣੀ ਅਤੇ ਵੀਡਿੰਗ ਦੀ ਲੋੜ ਹੁੰਦੀ ਹੈ:

- ਪਾਣੀ ਦੇ ਵਾਸ਼ਪੀਕਰਨ ਨੂੰ ਰੋਕ ਕੇ
- ਮਿੱਟੀ ਵਿੱਚ ਪੌਸ਼ਟਿਕ ਤੱਤਾਂ ਨੂੰ ਸ਼ਾਮਲ ਕਰਕੇ
- ਕੀੜਿਆਂ ਨੂੰ ਆਕਰਸ਼ਤ ਕਰਕੇ ਜੋ ਤੁਹਾਡੀ ਮਿੱਟੀ ਵਿੱਚ ਹਵਾ ਭਰਨ ਵਿੱਚ ਸਹਾਇਤਾ ਕਰਦੇ ਹਨ
- ਖੁਰਣ ਤੋਂ ਰੋਕਣ ਵਿੱਚ ਸਹਾਇਤਾ ਕਰਕੇ
- ਵੀਡਾਂ ਤੇ ਨਿਯੰਤਰਣ ਕਰਕੇ

ਕਿਆਰੀ ਦੇ ਉੱਪਰ ਦੋ ਤੋਂ ਚਾਰ ਇੰਚ ਮਲਚ ਦੀ ਵਰਤੋਂ ਕਰੋ, ਆਪਣੇ ਪੌਦਿਆਂ ਦੇ ਤਲੇ ਦੇ ਦੁਆਲੇ ਇਕ ਇੰਚ ਛੱਡਦੇ ਹੋਏ। ਹਰ ਦੋ ਸਾਲਾਂ ਬਾਅਦ ਫਿਰ ਭਰੋ।

**ਤੁਹਾਡੇ ਕੋਲ ਜਿਸ ਵੀ ਕਿਸਮ ਦੀ ਮਿੱਟੀ ਹੈ, ਉਸ ਵਿਚ ਖਾਦ ਸ਼ਾਮਲ ਕਰਨਾ ਤੁਹਾਡੀ ਮਿੱਟੀ ਨੂੰ ਬਿਹਤਰ ਬਣਾਉਣ ਦਾ ਸਭ ਤੋਂ ਵਧੀਆ ਢੰਗ ਹੈ। ਇਸ ਤੋਂ ਇਲਾਵਾ, ਤੁਹਾਡਾ ਸਥਾਨਕ ਬਾਗ ਦਾ ਕੇਂਦਰ ਤੁਹਾਡੀ ਮਿੱਟੀ ਵਿੱਚ ਸੁਧਾਰ ਕਰਨ ਦੇ ਤਰੀਕੇ ਦੇ ਬਾਰੇ ਵਧੇਰੇ ਜਾਣਕਾਰੀ ਲਈ ਇਕ ਵਧੀਆ ਸਰੋਤ ਹੈ।**

**ਚੰਗੀ ਕੁਆਲਟੀ ਵਾਲੀ ਮਿੱਟੀ ਦੀ ਚੰਗੀ ਡੂੰਘਾਈ ਹੋਣ ਨਾਲ ਇਹ ਸੁਨਿਸ਼ਚਿਤ ਹੁੰਦਾ ਹੈ ਕਿ ਤੁਹਾਡੇ ਪੌਦੇ ਵਧੇਰੇ ਪਾਣੀ ਤੱਕ ਪਹੁੰਚ ਸਕਦੇ ਹਨ। ਚੰਗੀ ਕੁਆਲਟੀ ਦੀ ਮਿੱਟੀ ਦੀ ਘੱਟੋ ਘੱਟ ਛੇ ਤੋਂ ਅੱਠ ਇੰਚ ਦੀ ਇੱਕ ਪਰਤ ਦੀ ਸਿਫਾਰਸ਼ ਕੀਤੀ ਜਾਂਦੀ ਹੈ।**



ਜਿੱਥੇ ਠੀਕ ਲਗਦਾ ਹੈ, ਆਪਣੇ ਲੌਨ ਨੂੰ ਘੱਟ ਦੇਖਭਾਲ ਵਾਲੀਆਂ ਝਾੜੀਆਂ, ਫੁੱਲਾਂ ਅਤੇ ਜ਼ਮੀਨ ਨੂੰ ਢਕਣ ਵਾਲੇ ਪੌਦਿਆਂ (groundcovers) ਨਾਲ ਬਦਲੋ।